# ਤੂਫ਼ਾਨਾਂ ਕਦੇ ਮਾਤ ਨਹੀਂ ਖਾਧੀ

*—ਸੁਰਿੰਦਰ ਸ਼ਰਮਾ*

ਮੈਂ ਆਪਣੀ ਜ਼ਿੰਦਗੀ 'ਚ ਬੜੇ ਉਤਾਰ-ਚੜ੍ਹਾਅ ਦੇਖੇ, ਘਰ ਵਿਚ ਕਈ ਮੌਤਾਂ ਦਾ ਸਾਹਮਣਾ ਕੀਤਾ, ਛੋਟਾ ਭਰਾ, ਵੱਡਾ ਭਰਾ, ਮਾਤਾ ਜੀ ਤੇ ਪਿਤਾ ਜੀ। ਤੇ ਸਾਰਿਆਂ ਦੀ ਮੌਤ ਦੀ ਖ਼ਬਰ ਉਦੋਂ ਹੀ ਮਿਲੀ ਜਦੋਂ ਜਾਂ ਤਾਂ ਅਸੀਂ ਸਟੇਜ 'ਤੇ ਸਾਂ ਜਾਂ ਸਟੇਜ 'ਤੇ ਜਾਣ ਦੀ ਤਿਆਰੀ ਵਿਚ ਸੀ। ਹਰ ਮੌਤ ਦਾ ਦੁੱਖ, ਪਰ ਦੋ-ਚਾਰ ਦਿਨਾਂ ਬਾਅਦ ਫੇਰ ਉਹੀ ਜ਼ਿੰਦਗੀ। ਪਰ ਪਤਾ ਨਹੀਂ ਸਾਡੇ ਏਸ ਬਾਪੂ ਦੇ ਤੁਰ ਜਾਣ 'ਤੇ ਏਨਾ ਖਲਾਅ ਪੈਦਾ ਹੋ ਗਿਆ ਕਿ 28 ਸਤੰਬਰ ਤੋਂ ਲੈ ਕੇ ਅੱਜ ਤਕ ਵੀ ਕੋਈ ਪਲ ਐਸਾ ਨਹੀਂ ਕਿ ਭਾ ਜੀ ਭੁੱਲੇ ਹੋਣ। ਉਨ੍ਹਾਂ ਨਾਲ ਆਪਮੁਹਾਰੇ ਗੱਲਾਂ ਕਰੀ ਜਾਂਦਾ ਹਾਂ। ਸੱਚ ਕਿ ਮੇਰੇ ਆਪਣੇ ਬਾਪ ਦੇ ਮਰਨ 'ਤੇ ਵੀ ਇਸ ਤਰ੍ਹਾਂ ਦਾ ਖਲਾਅ ਪੈਦਾ ਨਹੀਂ ਹੋਇਆ ਸੀ, ਸ਼ਾਇਦ ਕਦੇ ਵੀ ਨਹੀਂ। ਭਾ ਜੀ ਦੇ ਜਾਣ ਤੋਂ ਬਾਅਦ ਮੈਨੂੰ ਕਈ ਵਾਰ ਏਦਾਂ ਲੱਗਾ ਕਿ ਮੈਂ ਭੁੱਬਾਂ ਮਾਰ ਕੇ ਰੋਵਾਂ। ਉਨ੍ਹਾਂ ਦੇ ਜਗਮਗਾਉਂਦੇ ਖ਼ਿਆਲ, ਸ਼ੇਰ ਵਾਂਗ ਗਰਜ਼ਦੀ ਆਵਾਜ਼, ਮਸਤ ਚਿਹਰਾ ਤੇ ਕਈ ਵਾਰ ਉਸ ਚਿਹਰੇ 'ਚ ਫੁੱਟਦੇ ਲੱਖਾਂ ਸਵਾਲ। ਐਂ ਲੱਗਿਆ ਜਿਵੇਂ ਉਹ ਸਵਾਲ ਹੁਣ ਸਾਨੂੰ ਮੁਖ਼ਾਤਬ ਹੋਣ ਅਤੇ ਐਂ ਕਹਿ ਰਹੇ ਹੋਣ ਕਿ "ਮੈਂ ਆਪਣੇ ਹਿੱਸੇ ਦਾ ਕੰਮ ਮੁਕਾ ਲਿਆ ਹੈ, ਹੁਣ ਇਸ ਨੂੰ ਅੱਗੇ ਤੋਰਨਾ ਤੁਹਾਡੀ ਜ਼ਿੰਮੇਵਾਰੀ ਹੈ, ਮੈਂ ਤੁਹਾਡੇ 'ਤੇ ਛੱਡਦਾ ਹਾਂ।" ਕਈ ਵਾਰ ਮੈਨੂੰ ਐਂ ਲੱਗਦਾ ਜਿਵੇਂ ਮੈਂ ਪਾਗਲ ਹੋ ਗਿਆ ਹੋਵਾਂ। ਉਸ ਦੇ ਜਾਣ ਦਾ ਤਾਂ ਹਰ ਇਕ ਨੂੰ ਹੀ ਦੁੱਖ ਸੀ, ਕਿਤੇ ਇਹ ਦਿਖਾਵਾ ਤਾਂ ਨਹੀਂ। ਪਰ ਇਹ ਦਿਖਾਵਾ ਨਹੀਂ ਸੀ, ਇਹ ਉਨ੍ਹਾਂ ਦੀ ਸ਼ਖ਼ਸੀਅਤ ਪ੍ਰਤੀ, ਉਨ੍ਹਾਂ ਦੇ ਜਜ਼ਬੇ ਪ੍ਰਤੀ, ਉਨ੍ਹਾਂ ਦੇ ਵਿਚਾਰਾਂ ਪ੍ਰਤੀ ਇਕ ਦੀਵਾਨਗੀ ਸੀ, ਇਕ ਨਸ਼ਾ, ਇਕ ਮੁਹੱਬਤ ਸੀ, ਇਕ ਸਤਿਕਾਰ ਸੀ ਤੇ ਹਮੇਸ਼ਾ ਰਹੇਗਾ।

ਭਾ ਜੀ ਨੂੰ ਮੈਂ ਪਹਿਲੀ ਵਾਰ ਪਲਸ ਮੰਚ ਦੇ ਲੁਧਿਆਣੇ ਪਹਿਲੀ ਮਈ ਦੇ ਪ੍ਰੋਗਰਾਮ 'ਤੇ ਮਿਲਿਆ ਸੀ। ਉਦੋਂ ਲੋਕ ਕਲਾ ਮੰਚ ਦੀ ਸਥਾਪਨਾ ਬਸ ਨਵੀਂ-ਨਵੀਂ ਕੀਤੀ ਸੀ। ਇਸ ਤੋਂ ਪਹਿਲਾਂ ਅਸੀਂ ਲੋਕ ਕਲਾ ਮੰਚ ਬਣਾਉਣ ਬਾਰੇ ਸੋਚ ਚੁੱਕੇ ਸਾਂ। ਮੈਂ ਪਿੰਡੋਂ (ਹਿਮਚਾਲ) ਤੋਂ ਚੱਲ ਕੇ ਲੁਧਿਆਣੇ ਪੜ੍ਹਨ ਆਇਆ ਸੀ। ਮੇਰੇ

ਮਿੱਤਰ ਤੇਜਿੰਦਰ ਧੀਰ ਨਾਲ ਮੁਲਾਕਾਤ ਹੋਈ ਤੇ ਮੁੱਲਾਂਪੁਰ ਕਮਰਾ ਲੈ ਕੇ ਰਹਿਣ ਲੱਗਾ। ਕਮਰੇ ਵਿਚ ਸ਼ਾਮ ਨੂੰ ਜੁੜਦੇ ਤਾਂ ਕੁਝ ਕਰਨਾ ਲੋਚਦੇ। 1988 ਵਿਚ ਜਦੋਂ ਪੰਜਾਬ ਵਿਚ ਹੜ੍ਹ ਆਏ ਤਾਂ ਭਾ ਜੀ ਭੂੰਦੜੀ ਪਿੰਡ (ਲੁਧਿਆਣਾ) ਹੜ੍ਹ ਪੀੜਤਾਂ ਦੀ ਮਦਦ ਲਈ ਨਾਟਕ ਕਰਨ ਆਏ ਤਾਂ ਅਸੀਂ ਚਾਰੇ ਦੋਸਤ (ਹਰਕੇਸ਼, ਤੇਜਿੰਦਰ, ਰਾਜੀਵ ਤੇ ਮੈਂ) ਭੂੰਦੜੀ ਨਾਟਕ ਵੇਖਣ ਗਏ, ਪਰ ਭਾ ਜੀ ਨਾਲ ਬਹੁਤੀ ਗੱਲ ਨਹੀਂ ਹੋ ਸਕੀ ਤੇ ਓਦੋਂ ਅੱਤਵਾਦ ਆਪਣੇ ਸਿਖ਼ਰ 'ਤੇ ਸੀ। ਅਸੀਂ ਪੈਦਲ ਹੀ ਮੁੱਲਾਂਪੁਰ ਲਈ ਤੁਰ ਪਏ ਤੇ ਰਸਤੇ ਵਿਚ ਹੀ ਆਪਣੀ ਇਸ ਸੰਸਥਾ ਦਾ ਨਾਂ ਲੋਕ ਕਲਾ ਮੰਚ ਰੱਖ ਲਿਆ ਤੇ ਭਾ ਜੀ ਨੂੰ ਲੁਧਿਆਣੇ ਪਹਿਲੀ ਮਈ ਨੂੰ ਮਿਲੇ। ਉਨ੍ਹਾਂ ਨੇ ਸਾਨੂੰ ਪੂਰੀ ਹੱਲਾਸ਼ੇਰੀ ਦਿੱਤੀ ਤੇ ਉਨ੍ਹਾਂ ਦੇ ਕਹੇ ਬੋਲ ਅੱਜ ਵੀ ਯਾਦ ਨੇ—"ਤੁਸੀਂ ਇਹ ਫ਼ੈਸਲਾ ਕਰੋ ਕਿ ਤੁਸੀਂ ਇਹ ਨਾਟਕ ਕਿਉਂ ਕਰਨਾ ਚਾਹੁੰਦੇ ਹੋ ?" ਤੇ ਅਸੀਂ ਸੱਚਮੁੱਚ ਵਿਚਾਰ ਕੀਤਾ ਕਿ ਅਸੀਂ ਨਾਟਕ ਕਿਉਂ ਕਰਨਾ ਚਾਹੁੰਦੇ ਹਾਂ। ਉਸ ਦਿਨ ਤੋਂ ਭਾ ਜੀ ਦੀ ਉਂਗਲੀ ਫੜ ਜਵਾਨ ਹੋਏ ਤੇ ਇਸ ਇਸ਼ਕ ਦੀ ਵਾਦੀ ਵਿਚ ਪੈਰ ਪਾਇਆ ਤੇ ਭਾਅ ਜੀ ਤੋਂ ਪ੍ਰੇਰਨਾ ਲੈ ਕੇ ਆਇਆ ਇਹ ਬੂਟਾ ਅਸੀਂ ਭਾ ਜੀ ਦੇ ਹੀ ਨਾਂ ਕਰ ਦਿੱਤਾ।

ਲੁਧਿਆਣੇ ਸਾਡਾ ਨਾਟਕ 'ਹੱਲਾ ਬੋਲ' ਦੇਖ ਕੇ ਭਾ ਜੀ ਨੇ ਮਰਹੂਮ ਰੰਗਕਰਮੀ ਸਾਥੀ ਸੁਖਦੇਵਪ੍ਰੀਤ ਦੀ ਜ਼ਿੰਮੇਵਾਰੀ ਲਾਈ ਕਿ ਉਹ ਸਾਨੂੰ ਵਰਕਸ਼ਾਪ ਲਾ ਕੇ ਟ੍ਰੇਨਿੰਗ ਦੇਵੇ ਤੇ ਸੁਖਦੇਵਪ੍ਰੀਤ ਨੇ ਮੁੱਲਾਂਪੁਰ ਆ ਕੇ ਉਹ ਜ਼ਿੰਮੇਵਾਰੀ ਨਿਭਾਈ। 8 ਜੁਲਾਈ 1989 ਲਈ ਗੁਰਸ਼ਰਨ ਭਾ ਜੀ ਨੇ ਨਾਟਕਾਂ ਦੀ ਇਕ ਵਰਕਸ਼ਾਪ ਲੁਧਿਆਣੇ ਪੰਜਾਬੀ ਭਵਨ ਵਿਖੇ ਲਗਾਈ ਤਾਂ ਸਾਨੂੰ ਮੁੱਲਾਂਪੁਰੀਆਂ ਨੂੰ ਵੀ ਉਸ ਲਈ ਸੱਦਾ ਆਇਆ ਤੇ ਅਸੀਂ ਉਸ ਵਰਕਸ਼ਾਪ ਦਾ ਹਿੱਸਾ ਬਣੇ। ਮੈਂ ਭਾ ਜੀ ਨਾਲ ਪਹਿਲਾ ਨਾਟਕ ਕੀਤਾ 'ਨੰਗਾ ਆਦਮੀ'। ਇਹ ਇਕ ਅਜੀਬ ਕਿਸਮ ਦਾ ਤਜਰਬਾ ਸੀ। ਮੈਂ ਨਵਾਂ-ਨਵਾਂ ਪੰਜਾਬ ਦਾ ਹਿੱਸਾ ਬਣਿਆ ਸੀ ਤੇ ਪੰਜਾਬੀ ਨਾ ਮੈਨੂੰ ਬਹੁਤੀ ਬੋਲਣੀ ਆਉਂਦੀ ਸੀ ਤੇ ਨਾ ਲਿਖਣੀ। ਪੜ੍ਹਨੀ ਤਾਂ ਬਿਲਕੁਲ ਵੀ ਨਹੀਂ। ਭਾ ਜੀ ਦਾ ਜਿਹੜਾ ਰੂਪ ਮੈਂ ਜਾਂਦੇ ਹੀ ਦੇਖਿਆ ਸੀ, ਉਸ ਤੋਂ ਬਾਅਦ ਤਾਂ ਹੋਰ ਵੀ ਪਸੀਨੇ ਛੁੱਟਣ ਲੱਗ ਪਏ। ਉਨ੍ਹਾਂ ਨੇ ਮੈਨੂੰ ਨਾਟਕ ਵਿਚ ਰੋਲ (ਔਲੀਏ ਦਾ) ਦੱਸ ਦਿੱਤਾ, ਪਰ ਮੈਨੂੰ ਤਾਂ ਪੜ੍ਹਨਾ ਨਹੀਂ ਸੀ ਆਉਂਦਾ। ਮੈਂ ਨਾਲ ਦੇ ਸਾਥੀ ਕਲਾਕਾਰ ਨੂੰ ਕਿਹਾ ਕਿ ਤੁਸੀਂ ਇਸ ਨੂੰ ਪੰਜਾਬੀ ਵਿਚ ਪੜ੍ਹੋ ਤੇ ਮੈਂ ਇਸ ਨੂੰ ਹਿੰਦੀ ਲਿਪੀ ਵਿਚ ਲਿਖ ਕੇ ਯਾਦ ਕਰਾਂਗਾ। ਮੈਨੂੰ ਇਹੀ ਘਬਰਾਹਟ ਹੋ ਰਹੀ ਸੀ ਕਿ ਭਾ ਜੀ ਅੱਜ ਮੈਨੂੰ ਬਖ਼ਸ਼ਣਗੇ ਨਹੀਂ। ਭਾ ਜੀ ਨੇ ਮੈਨੂੰ ਆਉਂਦੇ ਹੀ ਪੁੱਛਿਆ ਕਿ ਕੀ ਗੱਲ ਹੈ ਤਾਂ ਮੈਂ ਡਰਦੇ-ਡਰਦੇ ਨੇ ਕਿਹਾ, "ਮੈਨੂੰ ਪੰਜਾਬੀ ਨਹੀਂ ਆਉਂਦੀ।" ਭਾ ਜੀ ਨੇ ਬਿਲਕੁਲ ਸ਼ਾਂਤ ਸੁਭਾਅ ਨਾਲ ਕਿਹਾ, "ਯਾਰ, ਫੇਰ ਪੰਜਾਬੀ ਸਿੱਖ ਲਓ ਨਾ।" ਉਸ ਦਿਨ ਤੋਂ ਬਾਅਦ ਮੈਂ ਪੂਰੀ ਕੋਸ਼ਿਸ਼ ਕਰਕੇ ਪੰਜਾਬੀ ਸਿੱਖੀ ਤੇ ਅੱਜ ਤੁਹਾਡੇ ਸਾਹਮਣੇ ਹੈ।

ਭਾ ਜੀ ਦੇ ਨਾਲ ਅਣਗਿਣਤ ਗੱਲਾਂ ਤੇ ਯਾਦਾਂ ਜੁੜੀਆਂ ਹੋਈਆਂ ਹਨ, ਜਿਨ੍ਹਾਂ

ਨੂੰ ਚੰਦ ਲਫ਼ਜ਼ਾਂ ਵਿਚ ਬਿਆਨ ਕਰਨਾ ਅਸੰਭਵ ਹੈ। ਮੈਨੂੰ ਭਾ ਜੀ ਦੇ ਨਾਲ ਲਗਾਤਾਰ ਛੇ ਸਾਲ ਕੰਮ ਕਰਨ ਦਾ ਮੌਕਾ ਮਿਲਿਆ ਤੇ ਇਨ੍ਹਾਂ ਸਾਲਾਂ ਨੇ ਸਾਡੀ ਜ਼ਿੰਦਗੀ ਦਾ ਮਕਸਦ ਅਤੇ ਰੁਖ਼ ਹੀ ਬਦਲ ਦਿੱਤਾ।

ਮੈਂ ਤੁਹਾਨੂੰ ਇਕ ਘਟਨਾ ਦੱਸਦਾਂ—ਇਹ ਗੱਲ 1990-91 ਦੀ ਹੈ ਜਦੋਂ ਬਾਬਰੀ ਮਸਜਿਦ ਢਾਹੀ ਗਈ ਸੀ। ਮੈਂ ਗੌਰਮਿੰਟ ਕਾਲਜ ਦੇ ਵਿਚ ਐੱਮ.ਏ. ਹਿੰਦੀ ਕਰ ਰਿਹਾ ਸੀ। ਉਸ ਸਮੇਂ ਇਕ ਤਾਂ ਖਾਲਿਸਤਾਨੀ ਦਹਿਸ਼ਤਗਰਦੀ ਆਪਣੀ ਚਰਮ ਸੀਮਾ 'ਤੇ ਸੀ, ਨਿੱਤ ਸਾਡੇ ਡਿਪਾਰਟਮੈਂਟ ਨੂੰ ਧਮਕੀਆਂ ਆਉਂਦੀਆਂ ਸਨ ਕਿ ਹਿੰਦੀ ਪੜ੍ਹਨੀ ਤੇ ਪੜ੍ਹਾਉਣੀ ਬੰਦ ਕਰ ਦਿਓ ਤੇ ਦੂਜੀ ਇਹ ਮਸਜਿਦ ਵਾਲੀ ਘਟਨਾ ਵਾਪਰ ਗਈ। ਸਾਡੇ ਡਿਪਾਰਟਮੈਂਟ ਵਿਚ ਏ.ਬੀ.ਵੀ.ਪੀ. ਅਤੇ ਆਰ.ਐੱਸ.ਐੱਸ. ਵਾਲੇ ਵਿਦਿਆਰਥੀ ਆਏ, ਜਿਨ੍ਹਾਂ ਕੋਲ ਇਕ ਕਾਗ਼ਜ਼ ਸੀ, ਜੀਹਦੇ ਉੱਤੇ ਉਹ ਹਸਤਾਖ਼ਰ ਕਰਵਾਉਣਾ ਚਾਹੁੰਦੇ ਸਨ ਕਿ ਉਥੇ ਮੰਦਰ ਬਣਨਾ ਚਾਹੀਦਾ ਸੀ। ਸਾਰੀ ਕਲਾਸ ਨੇ ਫ਼ੈਸਲਾ ਲਿਆ ਕਿ ਜੋ ਫ਼ੈਸਲਾ ਸੁਰਿੰਦਰ ਸ਼ਰਮਾ ਲਵੇਗਾ, ਉਹ ਸਾਨੂੰ ਸਾਰਿਆਂ ਨੂੰ ਪ੍ਰਵਾਨ ਹੋਵੇਗਾ। ਮੈਂ ਇਕਦਮ ਉਨ੍ਹਾਂ ਨੂੰ ਨਾਂਹ ਕਰ ਦਿੱਤੀ ਕਿ ਅਸੀਂ ਇਸ 'ਤੇ ਦਸਤਖ਼ਤ ਨਹੀਂ ਕਰਨੇ। ਉਹ ਵਿਦਿਆਰਥੀ ਮੇਰੇ ਨਾਲ ਕੁਝ ਔਖੇ ਭਾਰੇ ਹੋਏ ਕਿ ਤੁਸੀਂ 'ਮੁਸਲਿਆਂ' ਦੀ ਹਮਾਇਤ ਕਰਦੇ ਹੋ। ਪੜ੍ਹਦੇ ਹਿੰਦੀ ਹੋ ਤੇ ਹਿੰਦੂ ਹੋ, ਪਰ ਹਮਾਇਤ ਮਸਜਿਦ ਦੀ ਕਰਦੇ ਹੋ। ਮੈਂ ਕਿਹਾ ਨਾ ਮੰਦਰ ਨਾ ਮਸਜਿਦ, ਅਸੀਂ ਤਾਂ ਇਨਸਾਨੀਅਤ ਦੀ ਹਮਾਇਤ ਕਰਦੇ ਹਾਂ ਤੇ ਕਰਾਂਗੇ। ਉਥੇ ਮੰਦਰ ਜਾਂ ਮਸਜਿਦ ਦੀ ਥਾਂ 'ਤੇ ਕੋਈ ਗਰੀਬ ਬੱਚਿਆਂ ਲਈ ਸਕੂਲ ਹੋਣਾ ਚਾਹੀਦਾ ਹੈ। ਤੁਸੀਂ ਇਹ ਮਤਾ ਪਾ ਕੇ ਲਿਆਓ ਤੇ ਅਸੀਂ ਝੱਟ ਉਸ ਉੱਤੇ ਸਾਈਨ ਕਰ ਦੇਵਾਂਗੇ। ਖ਼ੈਰ ਕਾਫ਼ੀ ਕਹਾ ਸੁਣੀ ਹੋਈ, ਧਮਕੀਆਂ ਦਿੱਤੀਆਂ ਤੇ ਉਹ ਚਲੇ ਗਏ। ਬਾਅਦ ਵਿਚ ਹੋਰ ਵੀ ਬਹੁਤ ਕੁਝ ਹੋਇਆ। ਖ਼ੈਰ, ਇਹ ਗੱਲ ਮੈਂ ਭਾ ਜੀ ਨੂੰ ਦੂਸਰੇ ਦਿਨ ਜਦੋਂ ਨਾਟਕ ਕਰਨ ਗਏ ਤਾਂ ਦੱਸੀ। ਉਨ੍ਹਾਂ ਮੈਨੂੰ ਕਿਹਾ—"ਸ਼ਾਬਾਸ਼! ਤੂੰ ਇਹ ਬਹੁਤ ਚੰਗਾ ਕੀਤਾ।" ਮੈਂ ਕਿਹਾ—ਭਾ ਜੀ ਉਹ ਕਹਿ ਕੇ ਗਏ ਨੇ ਕਿ ਤੁਸੀਂ ਨਾਸਤਕ ਹੋ, ਵੱਡੇ ਕਾਮਰੇਡ ਹੋ, ਦੇਖ ਲਵਾਂਗੇ ਤੁਹਾਨੂੰ। ਭਾ ਜੀ ਕਹਿੰਦੇ—"ਯਾਰ ਉਨ੍ਹਾਂ ਨੇ ਕੀ ਦੇਖਣਾ ? ਇਹ ਬੂਥੀਆਂ ਕੀ ਦੇਖਣਗੀਆਂ ? ਤਸੀਂ ਕਹੋ ਹਾਂ ਅਸੀਂ ਕਾਮਰੇਡ ਹਾਂ, ਇਕੱਲੇ ਕਾਮਰੇਡ ਨਹੀਂ, ਨਕਸਲਾਈਟ ਹਾਂ, ਦੱਬ ਕੇ ਕਹੋ।" ਤੇ ਭਾ ਜੀ ਪੂਰੇ ਭਾਵੁਕ ਹੋ ਗਏ ਤੇ ਉਨ੍ਹਾਂ ਕਿਹਾ—"ਮੁੰਡਿਓ ਮੈਨੂੰ ਤੁਹਾਥੋਂ ਬਹੁਤ ਉਮੀਦਾਂ ਹਨ, ਡਟ ਕੇ ਕੰਮ ਕਰੋ।" ਭਾ ਜੀ ਦੇ ਉਸ ਬੋਲ 'ਤੇ ਖਰਾ ਉਤਰਨ ਦੀ ਕੋਸ਼ਿਸ਼ ਕੀਤੀ ਤੇ ਉਤਰਾਂਗੇ ਵੀ। ਭਾ ਜੀ ਇਹ ਤੁਹਾਡੇ ਨਾਲ ਮਹਿਜ਼ ਭਾਵਾਂ 'ਚੋਂ ਉਪਜਿਆ ਵੇਗ ਨਹੀਂ, ਇਹ ਜ਼ਿੰਦਗੀ ਨੂੰ ਬਦਲਣ ਦਾ ਅਹਿਦਨਾਮਾ ਹੈ, ਜਿਹੜਾ ਤੁਹਾਡੇ ਤੋਂ ਸਿੱਖਿਆ।

15 ਸਤੰਬਰ 2011 ਨੂੰ ਜਦੋਂ ਅਸੀਂ ਆਖ਼ਰੀ ਵਾਰ ਭਾ ਜੀ ਨੂੰ ਚੰਡੀਗੜ੍ਹ ਕਲਾ ਭਵਨ ਮਿਲੇ ਤਾਂ ਮੈਨੂੰ ਚਿੱਤ ਚੇਤਾ ਵੀ ਨਹੀਂ ਸੀ ਕਿ ਇਹ ਆਖ਼ਰੀ ਮੁਲਾਕਾਤ

ਹੋਵੇਗੀ। ਨਾਟਕ 'ਖੇਤਾਂ ਦਾ ਪੁੱਤ' ਖ਼ਤਮ ਹੋਇਆ ਤਾਂ ਭਾ ਜੀ ਭਾਵੁਕ ਹੋ ਗਏ। ਰੁਕ-ਰੁਕ ਕੇ ਆਪਣੀ ਗੜਕਵੀਂ ਆਵਾਜ਼ ਵਿਚ ਬੋਲੇ—'ਅਸੀਂ ਜਿਊਂਦੇ ਹਾਂ।' ਤੇ ਭਾ ਜੀ ਤੁਸੀਂ ਸੱਚਮੁੱਚ ਹੀ ਜਿਊਂਦੇ ਹੋ। ਤੁਸੀਂ ਸੱਚ ਹੋ ਤੇ ਸੱਚ ਕਦੇ ਮਰਨਾ ਨਹੀਂ। ਨਾ ਭਗਤ ਸਿੰਘ ਮਰਿਆ ਸੀ ਨਾ ਤੁਸੀਂ ਮਰੋਗੇ, ਤੁਸੀਂ ਸਦੀਆਂ-ਸਦੀਆਂ ਤਕ ਜਿਊਂਦੇ ਰਹੋਗੇ। ਜਦੋਂ ਉਨ੍ਹਾਂ ਨਾਟਕ ਦੇਖ ਕੇ ਕਿਹਾ "ਕਿ ਜਦੋਂ ਅਸੀਂ ਬੰਬੇ ਨਾਟਕ ਕਰਨ ਗਏ ਤਾਂ ਸਾਰੇ ਕਲਾਕਾਰ ਪ੍ਰਿਥਵੀ ਰਾਜ ਕਪੂਰ ਨੂੰ ਮਿਲਣ ਚਲੇ ਗਏ ਤਾਂ ਪ੍ਰਿਥਵੀ ਰਾਜ ਕਪੂਰ ਨੇ ਕਿਹਾ ਕਿ ਇਹ ਕਲਾਕਾਰ ਮੈਨੂੰ ਨਹੀਂ, ਮੈਂ ਇਨ੍ਹਾਂ ਨੂੰ ਮਿਲਣ ਆਇਆਂ ਤੇ ਅੱਜ ਮੈਂ ਵੀ ਕਹਿੰਦਾ ਹਾਂ ਕਿ ਇਹ ਕਲਾਕਾਰ ਮੈਨੂੰ ਨਹੀਂ, ਮੈਂ ਇਨ੍ਹਾਂ ਨੂੰ ਯਾਨਿ ਕਿ ਮੁੱਲਾਂਪੁਰ ਦੇ ਕਲਾਕਾਰਾਂ ਨੂੰ ਮਿਲਣ ਆਇਆਂ।" ਤੇ ਉਨ੍ਹਾਂ ਨੇ ਬਾਹਾਂ ਅੱਗੇ ਕਰ ਲਈਆਂ। ਮੈਂ ਝੱਟ ਆ ਕੇ ਉਨ੍ਹਾਂ ਨੂੰ ਜੱਫੀ ਪਾ ਲਈ। ਇਹ ਮੇਰਾ ਉਸ ਯੁੱਗ ਪੁਰਸ਼ ਨਾਲ ਆਖ਼ਰੀ ਜਿਸਮਾਨੀ ਸਪਰਸ਼ ਸੀ। ਜਦੋਂ ਉਨ੍ਹਾਂ ਦੀਆਂ ਅਸਥੀਆਂ ਮੁੱਲਾਂਪੁਰ 'ਗੁਰਸ਼ਰਨ ਕਲਾ ਭਵਨ' ਵਿਖੇ ਆਈਆਂ ਤਾਂ ਸੱਚਮੁੱਚ ਲੱਗਿਆ ਕਿ ਭਾ ਜੀ ਸਾਨੂੰ ਆਖ਼ਰੀ ਵਾਰ ਮਿਲਣ ਆਏ ਹੋਣ।

ਭਾ ਜੀ ਇਕ ਵਗਦਾ ਦਰਿਆ ਸੀ, ਤੂਫ਼ਾਨ ਸੀ, ਕੰਮੀਆਂ ਦੇ ਵਿਹੜੇ ਦਾ ਮਘਦਾ ਸੂਰਜ ਸੀ, ਟੁੰਡੇ ਹੌਲਦਾਰ ਦਾ ਸੱਜਾ ਹੱਥ ਸੀ। ਉਨ੍ਹਾਂ ਨੂੰ ਸ਼ਬਦਾਂ ਵਿਚ ਨਹੀਂ ਬੰਨ੍ਹਿਆ ਜਾ ਸਕਦਾ। ਉਨ੍ਹਾਂ ਲਈ ਸ਼ਬਦ ਥੋੜੇ ਅਤੇ ਪੇਤਲੇ ਹਨ। ਅਸੀਂ 'ਲੋਕ ਕਲਾ ਮੰਚ' ਰਾਹੀਂ 'ਗੁਰਸ਼ਰਨ ਕਲਾ ਭਵਨ' ਉਸਾਰਿਆ ਹੈ ਤਾਂ ਇਹ ਕੋਈ ਕ੍ਰੈਡਿਟ ਲੈਣ ਵਾਲੀ ਗੱਲ ਨਹੀਂ ਸੀ। ਇਹ ਉਸ ਲੋਹ ਪੁਰਸ਼ ਦੇ ਕੰਮ ਨੂੰ ਜਿਊਂਦੇ ਜੀ ਸਲਾਮ ਸੀ ਕਿ "ਜੇ ਟੈਗੋਰ ਥੀਏਟਰ ਹੋ ਸਕਦਾ ਹੈ ਤਾਂ ਗੁਰਸ਼ਰਨ ਕਲਾ ਭਵਨ ਕਿਉਂ ਨਹੀਂ ਹੋ ਸਕਦਾ।"

ਭਾ ਜੀ ਅਸੀਂ ਅਹਿਦ ਕਰਦੇ ਹਾਂ ਤਾਂ ਤੁਹਾਡੇ ਵੱਲੋਂ ਜਗਾਏ ਇਸ ਦੀਵੇ ਨੂੰ ਅਸੀਂ ਬੁਝਣ ਨਹੀਂ ਦੇਵਾਂਗੇ ਤੇ ਝੱਖੜਾਂ ਤੇ ਹਨੇਰਿਆਂ 'ਚੋਂ ਸਾਬਤ ਕਦਮੀਂ ਅੱਗੇ ਤੁਰਾਂਗੇ। ਹੁਸੈਨੀਵਾਲਾ ਵਿਖੇ ਜਾ ਕੇ ਤੁਹਾਡੀਆਂ ਅਸਥੀਆਂ ਜਲ ਪ੍ਰਵਾਹ ਕੀਤੀਆਂ ਤਾਂ ਐਂ ਲੱਗਿਆ ਕਿ ਤੁਸੀਂ ਹਾਲੇ ਵੀ ਸਵਾਲ ਕਰ ਰਹੇ ਹੋ ਕਿ—ਨਹੀਂ, ਰੁਕਣਾ ਨਹੀਂ, ਥੱਕਣਾ ਨਹੀਂ ਤੇ ਭਾ ਜੀ ਸੱਚੀਂ ਉਥੇ ਕਈ ਲੋਕਾਂ ਨੇ ਕਿਹਾ ਕਿ ਮੁੱਲਾਂਪੁਰੀਓ ਹੁਣ ਪੂਰੇ ਪੰਜਾਬ ਦੀਆਂ ਤੁਹਾਡੇ 'ਤੇ ਹੀ ਨਜ਼ਰਾਂ ਨੇ ਤੇ ਤੁਹਾਡੇ 'ਤੇ ਹੀ ਉਮੀਦਾਂ ਹਨ। ਭਾ ਜੀ ਅਸੀਂ ਸੱਚਮੁੱਚ ਰੁਕਾਂਗੇ ਨਹੀਂ, ਝੁਕਾਂਗੇ ਨਹੀਂ, ਥੱਕਾਂਗੇ ਨਹੀਂ, ਤੁਹਾਡੀਆਂ ਤੇ ਲੋਕਾਂ ਦੀਆਂ ਆਸਾਂ 'ਤੇ ਪੂਰਾ-ਪੂਰਾ ਖਰਾ ਉਤਰਾਂਗੇ। ਇਹ ਸਾਡਾ ਤੁਹਾਡੇ ਨਾਲ ਆਖ਼ਰੀ ਵਾਅਦਾ ਹੈ। ਤੁਸੀਂ ਸੱਚਮੁੱਚ ਇਕ ਤੂਫ਼ਾਨ ਸੀ ਤੇ ਤੂਫ਼ਾਨ ਹੋ ਤੇ ਤੂਫ਼ਾਨਾਂ ਕਦੇ ਮਾਤ ਨਹੀਂ ਖਾਧੀ। ਤੁਹਾਨੂੰ ਸਾਡਾ ਲਾਲ ਸਲਾਮ।